


practical ways parents
can boost learning

# ਸਕੂਲ ਸਿਸਟਮ ਨੂੰ ਸਮਝਣਾ
# ਸਕੂਲ ਵਿੱਚ ਸਫਲਤਾ ਲਈ ਪਰੇਰਨਾ ਕਿਵੇਂ ਦਿੱਤੀ ਜਾਵੇ।

ਹਰ ਗਰੇਡ ਦੇ ਵਿਦਿਆਰਥੀਆਂ ਲਈ।

## ਸ਼ਮੂਲੀਅਤ ਕਰਨੀ ਇੱਕ ਬੁਨਿਆਦੀ ਨੁਕਤਾ ਹੈ। ਸ਼ਾਮਲ ਹੋਵੋ!

ਜਿਹੜੇ  ਮਾਪੇ ਕਿਸੇ ਨਾ ਕਿਸੇ ਤਰ੍ਹਾਂ ਸ਼ਮੂਲੀਅਤ ਕਰਦੇ ਹਨ, ਸਕੂਲ ਅੰਦਰ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਕਰਨ ਦੀ ਸੰਭਾਵਨਾ ਵੱਧੇਰੇ ਹੁੰਦੀ ਹੈ। ਮਾਪਿਆਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਆਪਣੇ ਤਜਰਬੇ ਦੇ ਆਧਾਰ ਉਤੇ ਉਹ ਸਕੂਲ ਅੰਦਰ ਆਪਣੇ ਬੱਚੇ ਦੇ ਅਨੁਭਵ ਨੂੰ ਸਾਰਥਕ ਬਣਾਉਣ।

ਆਂਟੇਰੀਓ ਵਿੱਚ ਸਕੂਲ ਸਿਸਟਮ ਬਾਰੇ ਤੁਹਾਡੀ ਜਾਣਕਾਰੀ ਲਈ ਕੁਝ ਜ਼ਰੂਰੀ ਗੱਲਾਂ ਹੇਠ ਦਰਜ ਅਨੁਸਾਰ ਹਨ:

- ਆਂਟੇਰੀਓ ਅੰਦਰ ਸੈਕੰਡਰੀ ਵਿਦਿਆਰਥੀ ਸਨਦਯਾਫਤਾ ਹੋਣ ਲਈ ਚਾਰ ਗਰੇਡਾਂ ਦੁਆਰਾ ਸਮੁੱਚੇ ਕ੍ਰੈਡਟ ਜਮ੍ਹਾਂ ਕਰਦੇ ਹਨ। ਸਕੂਲ ਛੱਡਣ ਤੇ ਕੋਈ ਇਮਤਿਹਾਨ ਨਹੀਂ ਹੁੰਦੇ।
- ਸਕੂਲ, ਮਾਪਿਆਂ ਨਾਲ, ਕਮਿਊਨਿਟੀ ਵਿੱਚ ਅਚਾਨਕ ਮੁਲਾਕਾਤ ਦੀ ਥਾਂ, ਰਸਮੀ ਪੇਰੈਂਟਸ ਨਾਈਟ ਸਮੇਂ ਜਾਣਕਾਰੀ ਸਾਂਝੀ ਕਰਦੇ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਇਨ੍ਹਾਂ ਮੌਕਿਆਂ ਸਮੇਂ ਹਾਜ਼ਰ ਹੋਵੋ ਤਾ ਕਿ ਤੁਹਾਨੂੰ ਪਤਾ ਲਗ ਸਕੇ ਕਿ ਸਕੂਲ ਵਿੱਚ ਕੀ ਹੋ ਰਿਹਾ ਹੈ।
- ਆਂਟੇਰੀਓ ਦੇ ਕਈ ਸਕੂਲਾਂ ਵਿੱਚ ਮਾਪਿਆਂ ਨਾਲ ਸੰਪਰਕ ਰੱਖਣ ਲਈ ਵੈੱਬਸਾਈਟਾਂ ਜਾਂ ਈ-ਮੇਲ ਦੀ ਵਰਤੋਂ ਕੀਤੀ ਜਾਂਦੀ ਹੈ। ਤੁਹਾਨੂੰ ਅਜਿਹੀ ਜਾਣਕਾਰੀ ਦੀ ਖ਼ਬਰ ਰੱਖਣੀ ਚਾਹੀਦੀ ਹੈ ਤਾ ਕਿ ਤੁਸੀਂ ਇਸ ਤੋਂ ਵਾਂਝੇ ਨਾ ਰਹਿ ਜਾਵੋ।
- ਵਿਦਿਆਰਥੀ ਦੀ ਕਾਰਵਾਈ ਦੀ ਮੁੱਖ ਜ਼ਿੰਮੇਵਾਰੀ ਵਿਦਿਆਰਥੀ ਅਤੇ ਮਾਪਿਆਂ ਦੀ ਹੁੰਦੀ ਹੈ। ਫ਼ਿਰ ਵੀ, ਇਹ ਜ਼ਰੂਰੀ ਹੈ ਕਿ ਬੱਚਿਆਂ ਦੀ ਸਫ਼ਲਤਾ ਲਈ ਮਾਪੇ ਤੇ ਸਕੂਲ ਭਾਈਵਾਲ ਬਣ ਕੇ ਕੰਮ ਕਰਨ।

ਆਂਟੇਰੀਓ ਅੰਦਰ ਹਾਈ ਸਕੂਲ ਵਿੱਚ ਵੱਖ ਵੱਖ ਪੱਧਰ ਦੀ ਪੜ੍ਹਾਈ ਦੇ ਕੋਰਸ ਪੇਸ਼ ਕੀਤੇ ਜਾਂਦੇ ਹੈ। ਹਾਈ ਸਕੂਲ ਵਿੱਚ ਸਾਰੇ ਵਿਦਿਆਰਥੀ ਹਾਈ ਸਕੂਲ ਦਾ ਡਿਪਲੌਮਾ ਹਾਸਲ ਕਰਨ  ਲਈ ਹੀ ਨਹੀਂ ਪੜ੍ਹਦੇ। ਜਿਹੜੇ ਵਿਦਿਆਰਥੀ ਡਿਪਲੌਮਾ ਨਹੀਂ ਹਾਸਲ ਕਰਨਾ ਚਾਹੁੰਦੇ ਉਨ੍ਹਾਂ ਲਈ ਵੀ ਕਈ ਪ੍ਰੋਗਰਾਮ ਉਪਲਬਧ ਹਨ। ਇਨ੍ਹਾਂ ਦੀ ਚੋਣ ਬੱਚੇ ਦੇ ਗਾਈਡੈਂਸ ਕੌਂਸਲਰ ਨਾਲ ਮਿਲ ਕੇ ਕੀਤੀ ਜਾ ਸਕਦੀ ਹੈ।

## ਅਕਸਰ ਪੁੱਛੇ ਜਾਂਦੇ ਪ੍ਰਸ਼ਨ।

### ਸਨਦ ਪ੍ਰਾਪਤ ਕਰਨ ਲਈ ਕੀ ਲੋੜੀਂਦਾ ਹੈ?

- 30 ਕੋਰਸਾਂ ਦੇ ਕ੍ਰੈਡਿਟ ਪ੍ਰਾਪਤ ਕਰਨੇ
- ਆਂਟੇਰੀਓ ਸੈਕੰਡਰੀ ਸਕੂਲ ਲਿਟਰੇਸੀ ਟੈੱਸਟ (OSSLT) ਜਾਂ ਆਂਟੇਰੀਓ ਸੈਕੰਡਰੀ ਸਕੂਲ ਲਿਟਰੇਸੀ ਕੋਰਸ (OSSLC) ਪਾਸ ਕਰਨਾ
- ਕਮਿਊਨਿਟੀ ਸਰਵਿਸ ਦੇ 40 ਘੰਟੇ ਮੁਕੰਮਲ ਕਰਨੇ

### ਗਰੈਜੂਏਸ਼ਨ ਡਿਪਲੌਮਾ, ਸਰਟੀਫ਼ਿਕੇਟ ਅਤੇ ਸਰਟੀਫ਼ਿਕੇਟ ਆਫ਼ ਅਕੰਮਪਲਿਸ਼ਮੈਂਟ ਵਿੱਚ ਕੀ ਫ਼ਰਕ ਹੁੰਦਾ ਹੈ?

ਡਿਪਲੌਮਾ ਲੈਣ ਲਈ ਪੜ੍ਹਦੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ 30 ਕ੍ਰੈਡਿਟ ਹਾਸਲ ਕਰਨ,  ਆਂਟੇਰੀਓ ਸੈਕੰਡਰੀ ਸਕੂਲ ਲਿਟਰੇਸੀ ਟੈੱਸਟ (OSSLT) ਜਾਂ ਆਂਟੇਰੀਓ ਸੈਕੰਡਰੀ ਸਕੂਲ ਲਿਟਰੇਸੀ ਕੋਰਸ (OSSLC) ਪਾਸ ਕਰਨ ਅਤੇ ਕਮਿਊਨਿਟੀ ਸਰਵਿਸ ਦੇ 40 ਘੰਟੇ ਮੁਕੰਮਲ ਕਰਨ।

ਆਂਟੇਰੀਓ ਸੈਕੰਡਰੀ ਸਕੂਲ ਸਰਟੀਫ਼ਿਕੇਟ ਬਿਨੈਪੱਤਰ ਦੇਣ ਉਪ੍ਰੰਤ ਉਨ੍ਹਾਂ ਵਿਦਿਆਰਥੀਆਂ ਨੂੰ, ਜੋ ਡਿਪਲੌਮਾ ਲੈਣ ਤੋਂ ਪਹਿਲਾਂ ਸਕੂਲ ਛੱਡ ਦਿੰਦੇ ਹਨ, ਦਿੱਤਾ ਜਾਂਦਾ ਹੈ ਪਰ ਸ਼ਰਤ ਇਹ ਹੈ ਕਿ ਉਨ੍ਹਾਂ ਨੇ ਘੱਟੋ ਘੱਟ 14 ਕ੍ਰੈਡਿਟ ਹਾਸਲ ਕੀਤੇ ਹੋਣ।

ਵਿਦਿਆਰਥੀਆਂ ਨੂੰ, ਜੋ ਡਿਪਲੌਮਾ ਜਾਂ ਸਰਟੀਫ਼ਿਕੇਟ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਪਹਿਲਾਂ ਸਕੂਲ ਛੱਡ ਦੇਣ, ਸਰਟੀਫ਼ਿਕੇਟ ਆਫ਼ ਅਕੰਮਪਲਿਸ਼ਮੈਂਟ ਦਿੱਤਾ ਜਾਂਦਾ ਹੈ। ਇਹ ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਵਰਤਿਆ ਜਾਂਦਾ ਹੈ ਜੋ, ਸਕੂਲ ਛੱਡਣ ਪਿੱਛੋਂ, ਪੇਸ਼ਾਵਰ ਪ੍ਰੋਗਰਾਮਾਂ ਵਿੱਚ ਜਾਣਾ ਜਾਂ ਸਿਖਲਾਈ ਲੈਣੀ ਜਾਂ ਕੰਮ ਲੱਭਣਾ ਚਾਹੁੰਦੇ ਹਨ।

ਵਧੇਰੇ ਜਾਣਕਾਰੀ ਲਈ ਪੰਨਾ ਪਰਤੋ

## ਪੜ੍ਹਾਈ ਦੀਆਂ ਵੱਖ ਵੱਖ ਪੱਧਰਾਂ ਕੀ ਹਨ?

ਗਰੇਡ 9 ਅਤੇ 10 ਵਿੱਚ ਤਿੰਨ ਤਰ੍ਹਾਂ ਦੇ ਕੋਰਸ ਪੇਸ਼ ਕੀਤੇ ਜਾਂਦੇ ਹਨ: ਅਕਾਦਮਿਕ,(ਪੜ੍ਹਾਈ ਨਾਲ ਸੰਬੰਧਤ) ਐਪਲਾਈਡ (ਕੰਮ ਵਿੱਚ ਲਾਗੂ ਹੋਣ ਵਾਲੇ) ਅਤੇ ਓਪਨ (ਖੁੱਲ੍ਹੇ)। ਵਿਦਿਆਰਥੀਆਂ ਨੂੰ ਪੋਸਟ-ਸੈਕੰਡਰੀ ਟੀਚਿਆਂ ਵਾਸਤੇ ਤਿਆਰ ਕਰਨ ਲਈ ਗਰੇਡ 11 ਅਤੇ 12 ਵਿੱਚ ਪੇਸ਼ ਕੀਤੇ ਜਾਂਦੇ ਕੋਰਸਾਂ ਵਿੱਚ ਇਹ ਸ਼ਾਮਲ ਹੁੰਦੇ ਹਨ:-ਯੂਨੀਵਰਸਿਟੀ ਲਈ ਤਿਆਰੀ, ਯੂਨੀਵਰਸਿਟੀ/ਕਾਲਜ ਲਈ ਤਿਆਰੀ, ਨੌਕਰੀ ਲਈ ਤਿਆਰੀ, ਖੁੱਲ੍ਹੇ (ਓਪਨ) ਜਾਂ ਸਥਾਨਕ ਪੱਧਰ ਤੇ ਤਿਆਰ ਕੀਤੇ ਕੋਰਸ।

ਓਪਨ ਕੋਰਸ ਸਾਰੇ ਵਿਦਿਆਰਥੀਆਂ ਲਈ ਢੁਕਵੇਂ ਹੁੰਦੇ ਹਨ। ਸਥਾਨਕ ਪੱਧਰ ਤੇ ਤਿਆਰ ਕੀਤੇ ਕੋਰਸ ਅਜਿਹੀਆਂ ਲੋੜਾਂ ਪੂਰੀਆਂ ਕਰਦੇ ਹਨ ਜੋ ਪ੍ਰਾਂਤਕ ਪਾਠਕ੍ਰਮ ਪੂਰੀਆਂ ਨਹੀਂ ਕਰਦੇ, ਜਿਵੇਂ ਕਿ ਹੀਟਿੰਗ ਜਾਂ ਵੈਂਟੀਲੇਸ਼ਨ (ਹਵਾਦਾਰੀ)।

ਕੋਰਸ ਦੀ ਚੋਣ ਕਰਨ ਸਮੇਂ ਤੁਸੀਂ ਬੱਚੇ ਦੀ ਦਲਚਸਪੀ ਅਤੇ ਉਸ ਦੀਆਂ ਯੋਗਤਾਵਾਂ ਨੂੰ ਧਿਆਨ ਵਿੱਚ ਰੱਖੋ। ਇਹ ਜ਼ਰੂਰੀ ਹੈ ਕਿ ਉਹ ਅਜਿਹਾ ਪੇਸ਼ਾ ਚੁਣੇ ਜਿਸ ਵਿੱਚ ਉਸ ਨੂੰ ਪ੍ਰਸੰਨਤਾ ਮਿਲਦੀ ਹੋਵੇ।

## ਸਪੈਸ਼ਲ ਐਜੂਕੇਸ਼ਨ ਕੀ ਹੁੰਦੀ ਹੈ?

ਪੀਲ ਡਿਸਟ੍ਰਿਕਟ ਸਕੂਲ ਬੋਰਡ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਵਿਸ਼ਾਲ ਚੋਣ ਪੇਸ਼ ਕਰਦਾ ਹੈ ਜੋ, ਵੱਖ ਵੱਖ ਯੋਗਤਾਵਾਂ ਤੇ ਲੋੜਾਂ ਵਾਲੇ ਵਿਅਕਤੀਗਤ ਵਿਦਿਆਰਥੀਆਂ ਲਈ ਸਿਖਿਆ ਦੇ ਉਤਮ ਮੌਕੇ ਪ੍ਰਦਾਨ ਕਰਨ ਵਾਸਤੇ ਵਿਉਂਤੀਆਂ ਜਾਂਦੀਆਂ ਹਨ।

ਵਿਦਿਆਰਥੀ ਨੂੰ ਆਈਡੈਂਟੀਫੀਕੇਸ਼ਨ ਪਲੇਸਮੈਂਟ ਐਂਡ ਰੀਵਿਊ ਕੁਮੇਟੀ (IPRC) ਵੱਲੋਂ ਓਦੋਂ ਹੀ ਅਸਧਾਰਨ ਮੰਨਿਆ ਜਾਂਦਾ ਹੈ ਜਦੋਂ ਇਹ ਨਿਰਣਾ ਹੋ ਜਾਵੇ ਕਿ ਉਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸ ਨੂੰ ਵਿਸ਼ੇਸ਼ ਵਿਦਿਅਕ ਪ੍ਰੋਗਰਾਮ ਵਿੱਚ ਰੱਖਣ ਦੀ ਜ਼ਰੂਰਤ ਹੈ। ਸਪੈਸ਼ਲ ਐਜੂਕੇਸ਼ਨ ਪ੍ਰਗੋਰਾਮ ਅੰਦਰ ਹਰੇਕ ਵਿਦਿਆਰਥੀ ਲਈ ਇੰਡੀਵਿਜੂਅਲ ਐਜੂਕੇਸ਼ਨ ਪਲੈਨਜ਼ (IEP) ਤਿਆਰ ਕੀਤੀ ਜਾਂਦੀ ਹੈ। ਇਸ ਨਾਲ ਅਧਿਆਪਕ ਨੂੰ ਪਤਾ ਲੱਗ ਜਾਂਦਾ ਹੈ ਕਿ ਬੱਚੇ ਦੀ ਲੋੜਾਂ ਪੂਰੀਆਂ ਕਰਨ ਲਈ ਵਿਦਿਆਰਥੀ ਦੇ ਪ੍ਰੋਗਰਾਮ ਨੂੰ ਕਿਵੇਂ ਢਾਲਿਆ ਜਾਣਾ ਚਾਹੀਦਾ ਹੈ।

ਜਦੋਂ ਇਹ ਸਿੱਧ ਹੋ ਜਾਂਦਾ ਹੈ ਕਿ ਵਿਦਿਆਰਥੀ ਨੂੰ ਇਸ (ਪ੍ਰੋਗਰਾਮ ਵਿੱਚ) ਰੱਖਣ ਦੀ ਲੋੜ ਨਹੀਂ ਰਹੀ, ਤਾਂ ਉਸ ਨੂੰ ਪ੍ਰੋਗਰਾਮ ਵਿੱਚੋਂ ਕੱਢ ਲਿਆ ਜਾਂਦਾ ਹੈ ਤੇ ਫਿਰ ਉਸ ਨੂੰ ਅਸਧਾਰਨ ਨਹੀਂ ਮੰਨਿਆ ਜਾਂਦਾ।

ਉਪਲਬਧ ਸਪੈਸ਼ਲ ਐਜੂਕੇਸ਼ਨ ਪ੍ਰਗੋਗਰਾਮ ਅਤੇ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਸਕੂਲ ਦੇ ਸਪੈਸ਼ਲ ਐਜੂਕੇਸ਼ਨ ਵਿਭਾਗ ਨਾਲ ਸੰਪਰਕ ਕਰੋ।

## ਸਕੂਲ ਵੱਲੋਂ ਰੱਖੀਆਂ ਜਾਂਦੀਆਂ ਉਮੀਦਾਂ ਤੋਂ ਜਾਣੂ ਹੋਵੋ।

ਮਾਪੇ ਹੋਣ ਦੇ ਨਾਤੇ , ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਸਕੂਲ ਵੱਲੋਂ ਰੱਖੀਆਂ ਜਾਂਦੀਆਂ ਉਮੀਦਾਂ ਤੋਂ ਜਾਣੂ ਹੋਵੋ। ਤੁਹਾਡੇ ਬੱਚੇ ਦਾ ਸਕੂਲ ਵਿਦਿਆਰਥੀ ਸੰਬੰਧੀ ਵਿਸ਼ੇਸ਼ ਉਮੀਦਾਂ ਰੱਖਦਾ ਹੈ ਜੋ ਹੇਠ ਦਰਜ ਅਨੁਸਾਰ ਹਨ:

- ਡਿਸਿਪਲਨ (ਅਨੁਸ਼ਾਸਨ)
- ਹਾਜ਼ਰੀ
- ਘਰ ਲਈ ਕੰਮ
- ਰਿਪੋਰਟ ਕਾਰਡ
- ਟਾਈਮ ਟੇਬਲ

ਇਹ ਉਮੀਦਾਂ ਤੁਹਾਡੇ ਬੱਚੇ ਦੀ ਸਕੂਲ ਅੰਦਰ ਸਫਲਤਾ ਲਈ ਜ਼ਰੂਰੀ ਹੁੰਦੀਆਂ ਹਨ। ਇਨ੍ਹਾਂ ਉਮੀਦਾਂ ਬਾਰੇ ਜਾਣਕਾਰੀ ਸਕੂਲ ਵਿੱਚ ਮਿਲਦੀ ਹੈ। ਪ੍ਰਾਪਤ ਕਰਨ ਲਈ ਮੰਗ ਕਰ ਸਕਦੇ ਹੋ।

## ਸਕੂਲ ਨਾਲ ਮਿਲ ਕੇ ਕੰਮ ਕਰੋ।

ਸਕੂਲ ਅਤੇ ਘਰ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਮਾਪਿਆਂ ਵੱਲੋਂ ਇਸ ਵਿੱਚ ਸ਼ਮੂਲੀਅਤ ਦਾ ਭਾਵ ਸਫਲ ਵਿਦਿਆਰਥੀ ਹੁੰਦਾ ਹੈ। ਹੇਠ ਦਰਜ ਉਹ ਗੱਲਾਂ ਹਨ ਜਿੰਨਾਂ ਨੂੰ ਕਰ ਕੇ ਤੁਸੀਂ ਘਰ ਵਿੱਚ ਸਿਖਿਆ ਹਾਸਲ ਕਰਨ ਵਿੱਚ (ਬੱਚੇ ਦੀ) ਮਦਦ ਕਰ ਸਕਦੇ ਹੋ:

- ਮਾਪੇ ਹੋਣ ਦੇ ਨਾਤੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਤੋਂ ਜਾਣੂ ਹੋਵੋ
- ਆਪਣੇ ਬੱਚੇ ਦੇ ਅਧਿਆਪਕ ਨਾਲ ਸੰਪਰਕ ਕਾਇਮ ਰੱਖੋ
- ਆਪਣੇ ਬੱਚੇ ਦੇ ਪ੍ਰੋਗਰਾਮ ਤੋਂ ਜਾਣੂ ਹੋਵੋ ਤੇ ਬਾਕਾਇਦਗੀ ਨਾਲ ਇਸ ਨੂੰ ਚੈੱਕ ਕਰਦੇ ਰਹੋ
- ਆਪਣੇ ਬੱਚੇ ਦੇ ਸਕੂਲ ਵਿੱਚ ਹੋਣ ਵਾਲੀਆਂ ਪੇਰੈਂਟਸ ਨਾਈਟਸ ਅਤੇ ਓਪਨ ਹਾਊਸ ਵਿੱਚ ਪਹੁੰਚੋ-ਪੁੱਛੋ ਕਿ ਅਧਿਪਕ ਨਾਲ ਮੁਲਾਕਾਤ ਦੌਰਾਨ ਕੀ ਸਟਾਫ਼ ਦੇ ਮੈਂਬਰ ਅਨੁਵਾਦ ਕਰਨ ਦੇ ਯੋਗ ਹਨ।
- ਸਹਾਇਕ ਸੰਸ਼ਥਾਵਾਂ, ਜਿਵੇਂ ਸਕੂਲ ਕੌਂਸਲ, ਵਿੱਚ ਸਾਮਲ ਹੋਵੋ।
- ਜੇ ਕਰ ਸਕਦੇ ਹੋਵੋ ਤਾਂ ਆਪਣੇ ਬੱਚੇ ਦੇ ਸਕੂਲ ਵਿੱਚ ਵਾਲੰਟੀਅਰ ਬਣੋ।
- ਆਪ ਵੀ ਕੋਈ ਕੋਰਸ ਲਓ- ਜੀਵਨ ਭਰ ਵਿੱਚ ਸਿਖਿਆ ਹਾਸਲ ਕਰਨ ਦਾ ਆਪ ਵੀ ਆਦਰਸ਼ ਬਣੋ
- ਜ਼ਰੂਰੀ ਜਾਣਕਾਰੀ ਲਈ ਪੀਲ ਬੋਰਡ ਦੀ ਵੈੱਬਸਾਈਟ www. peelschools.org ਉਤੇ ਬਾਕਾਇਦਗੀ ਨਾਲ ਜਾਓ

*" ਆਪਣੇ ਸਾਂਝੇ ਬੱਚਿਆਂ ਦੀ ਸੰਭਾਲ ਅਸੀ ਰਲ ਮਿਲ ਕੇ ਕਰੀਏ"*

ਗੁਰ ਸਿੱਖਣ ਦੀ ਸ਼ੀਟ ਸਾਖਰਤਾ ਦੀ ਮੁਖੀ ਸ਼ੀਲਾ ਹੋਯਤ ਵੱਲੋਂ ਤਿਆਰ ਕੀਤੀ ਗਈ ਹੈ।